BRAMPTON Flower City brampton.ca

media release

ਤੁਰੰਤ ਰਿਲੀਜ ਲਈ

# ਬ੍ਰੈਂਪਟਨ ਕਾਉਂਸਿਲ ਨੇ ਈਕੋ ਪਾਰਕ ਸਟ੍ਰੈਟਜੀ ਦਾ ਸਮਰਥਨ ਕੀਤਾ

ਬ੍ਰੈਂਪਟਨ, ਓਨਟੈਰੀਓ (29 ਜਨਵਰੀ, 2020) – ਅੱਜ, ਬ੍ਰੈਂਪਟਨ ਸਿਟੀ ਕਾਉਂਸਿਲ (Brampton City Council) ਨੇ ਬ੍ਰੈਂਪਟਨ ਈਕੋ ਪਾਰਕ ਸਟ੍ਰੈਟਜੀ (Eco Park Strategy) ਦਾ ਸਮਰਥਨ ਕਰਕੇ ਬ੍ਰੈਂਪਟਨ ਲਈ ਗ੍ਰੀਨ ਸਿਟੀ (Green City) ਦਾ ਨਿਰਮਾਣ ਕਰਨ ਅਤੇ ਗ੍ਰੀਨ ਫ੍ਰੇਮਵਰਕ (Green Framework) ਨੂੰ ਲਾਗੂ ਕਰਨ ਵੱਲ ਮਹੱਤਵਪੂਰਣ ਕਦਮ ਚੁੱਕਿਆ ਹੈ।

ਈਕੋ ਪਾਰਕ, ਸਥਿਰ ਸ਼ਹੀਰੀ ਅਤੇ ਕੁਦਰਤੀ/ਹਰਿਆਲੀ ਵਾਲੀਆਂ ਥਾਵਾਂ ਦਾ ਇੱਕ ਆਪਸ ਵਿੱਚ ਜੁੜਿਆ ਹੋਇਆ ਨੈੱਟਵਰਕ ਹੈ। ਬ੍ਰੈਂਪਟਨ ਈਕੋ ਪਾਰਕ ਸਟ੍ਰੈਟਜੀ, ਬ੍ਰੈਂਪਟਨ ਦੇ ਈਕੋ ਪਾਰਕ ਦੀ ਰਚਨਾ ਦਾ ਵਰਣਨ ਕਰਦੀ ਹੈ। ਇਹ ਇਸਦੇ ਲਾਗੂਕਰਣ ਦੇ ਮਾਰਗ ਦਰਸ਼ਨ ਲਈ ਦ੍ਰਿਸ਼ਟੀਕੋਣ, ਟੀਚੇ ਅਤੇ ਕਾਰਵਾਈਆਂ ਤੈਅ ਕਰਦੀ ਹੈ। ਸਟ੍ਰੈਟਜੀ ਦਾ ਉਦੇਸ਼, ਬੇਜੋੜ ਸਮਾਜਿਕ ਮੌਕੇ ਮੁਹੱਈਆ ਕਰਨਾ ਅਤੇ ਬ੍ਰੈਂਪਟਨ ਦੇ ਈਕੋ ਪਾਰਕ ਨੂੰ ਸੁਰੱਖਿਅਤ ਕਰਨ, ਸਹਿਯੋਗ ਦੇਣ ਅਤੇ ਵਿਕਸਿਤ ਕਰਨ ਲਈ ਭਾਈਚਾਰਕ ਭਾਈਵਾਲੀਆਂ ਅਤੇ ਪ੍ਰਬੰਧਨ ਦਾ ਨਿਰਮਾਣ ਕਰਨਾ ਹੈ। ਇਹ ਬ੍ਰੈਂਪਟਨ ਦੇ ਕੁਦਰਤੀ ਭੂਦ੍ਰਿਸ਼ਾਂ ਨੂੰ ਸੁਰੱਖਿਅਤ ਰੱਖਣ, ਮੁੜ-ਕੁਦਰਤੀ ਬਣਾਉਣ ਅਤੇ ਉਹਨਾਂ ਵਿੱਚ ਵਾਧਾ ਕਰਨ ਤੇ ਵੀ ਕੇਂਦਰਿਤ ਹੈ।

ਬ੍ਰੈਂਪਟਨ ਦਾ 2,500 ਹੈਕਟੇਅਰ ਨੈਚੁਰਲ ਹੈਰੀਟੇਜ ਸਿਸਟਮ (ਐਨ.ਐਚ.ਐਸ.) (Natural Heritage System) (NHS), ਬ੍ਰੈਂਪਟਨ ਈਕੋ ਪਾਰਕ ਦਾ ਆਧਾਰ ਬਣੇਗਾ। ਇਸ ਨੀਂਹ ਤੋਂ, ਬ੍ਰੈਂਪਟਨ ਈਕੋ ਪਾਰਕ ਦਾ ਵਿਸਤਾਰ ਅਤੇ ਵਿਕਾਸ, ਸ਼ੁਰੂ ਵਿੱਚ ਪਛਾਣੇ ਗਏ ਹਿੱਸਿਆਂ ਤੇ ਕੇਂਦਰਿਤ ਹੋਵੇਗਾ, ਜਿੱਥੇ ਈਕੋ ਸਪੇਸਿਜ ਦੀ ਸਥਾਪਨਾ ਰਾਹੀਂ ਈਕੋ ਪਾਰਕ ਵਿੱਚ ਪਾਰਕ, ਐਨ.ਐਚ.ਐਸ. (NHS), ਸਟ੍ਰੀਟ ਦੇ ਦ੍ਰਿਸ਼ ਅਤੇ ਉਪਯੋਗਿਤਾ ਕੋਰੀਡੋਰਾਂ ਨੂੰ ਅਨੁਕੂਲ ਬਣਾਇਆ ਜਾਵੇਗਾ। ਸਮਾਂ ਪੈਣ ਤੇ, ਇਹਨਾਂ ਯਤਨਾਂ ਦੇ ਨਤੀਜੇ ਵਜੋਂ ਪੂਰੇ ਸ਼ਹਿਰ ਵਿੱਚ ਗ੍ਰੀਨ ਪਾਰਕਸ ਨੈੱਟਵਰਕ ਅਤੇ ਕੁਦਰਤੀ ਰਿਜ਼ਰਵ ਬਣੇਗਾ।

www.brampton.ca ਤੇ ਬ੍ਰੈਂਪਟਨ ਈਕੋ ਪਾਰਕ ਸਟ੍ਰੈਟਜੀ ਬਾਰੇ ਹੋਰ ਜਾਣੋ।

**ਸੰਖੇਪ ਤੱਥ**

- ਸਿਟੀ ਨੇ ਇਸ ਵੇਲੇ ਲਗਭਗ 2,500 ਹੈਕਟੇਅਰ ਕੁਦਰਤੀ ਵਿਰਸੇ ਨੂੰ ਸੁਰੱਖਿਅਤ ਰੱਖਿਆ ਹੋਇਆ ਹੈ, ਜਿਸ ਵਿੱਚੋਂ ਜ਼ਿਆਦਾਤਰ ਬ੍ਰੈਂਪਟਨ ਈਕੋ ਪਾਰਕ ਦਾ ਸ਼ੁਰੂਆਤੀ ਮੁੱਖ ਹਿੱਸਾ ਹੈ। ਸਿਟੀ ਦੇ ਮੌਜੂਦਾ ਪਾਰਕ, 1,100 ਹੈਕਟੇਅਰ ਦੀ ਵਾਧੂ ਥਾਂ ਵਿੱਚ ਹਨ, ਜਿਸ ਵਿੱਚੋਂ ਥੋੜ੍ਹੀ ਥਾਂ ਨੂੰ ਬ੍ਰੈਂਪਟਨ ਈਕੋ ਪਾਰਕ ਵਿੱਚ ਮਿਲਾਇਆ ਜਾ ਸਕਦਾ ਹੈ।
- ਬ੍ਰੈਂਪਟਨ ਈਕੋ ਪਾਰਕ ਸਟ੍ਰੈਟਜੀ ਵਿੱਚ ਸਟਾਫ਼ ਨੂੰ ਨਿਰਦੇਸ਼ ਦਿੱਤਾ ਗਿਆ ਹੈ ਕਿ ਉਹ ਕਾਰਜਨੀਤੀ ਬਣਾ ਕੇ ਬ੍ਰੈਂਪਟਨ ਦੇ ਮੌਜੂਦਾ ਅਤੇ ਭਵਿੱਖੀ ਪਾਰਕਾਂ ਵਿੱਚ ਈਕੋ ਸਪੇਸਿਜ ਦਾ ਵਿਸਤਾਰ ਕਰਨ ਦੀ ਯੋਜਨਾ ਦੀ ਪਛਾਣ ਕਰਨ ਲਈ, ਸਿਟੀ ਦੇ ਪਾਰਕਾਂ ਦੇ ਸਿਸਟਮ ਦਾ ਹੋਰ ਮੁਲਾਂਕਣ ਕਰਨ।
- ਬ੍ਰੈਂਪਟਨ ਈਕੋ ਪਾਰਕ ਵਿੱਚ ਭਾਈਚਾਰੇ ਲਈ ਮਹੱਤਵਪੂਰਣ ਸੇਵਾਵਾਂ ਮੁਹੱਈਆ ਕਰਨ ਦੀ ਸਮਰੱਥਾ ਹੈ, ਜਿਵੇਂ ਪਾਣੀ ਨੂੰ ਫਿਲਟਰ ਕਰਨਾ, ਤਾਪਮਾਨ ਨੂੰ ਘੱਟ ਕਰਨਾ ਅਤੇ ਤੂਫਾਨੀ ਪਾਣੀ ਦੇ ਪ੍ਰਵਾਹ ਨੂੰ ਘੱਟ ਕਰਨਾ। ਇਸ ਨਾਲ ਨਾ ਸਿਰਫ਼ ਆਰਥਿਕ ਬੱਚਤ ਹੋਵੇਗੀ, ਬਲਕਿ ਬਦਲਦੀ ਜਲਵਾਯੂ ਵਿੱਚ ਸ਼ਹਿਰੀ ਲਚਕੀਲੇਪਣ ਵਿੱਚ ਵੀ ਵਾਧਾ ਹੋਵੇਗਾ।
- ਬ੍ਰੈਂਪਟਨ ਈਕੋ ਪਾਰਕ ਸਟ੍ਰੈਟਜੀ, ਸਿਟੀ ਦੀਆਂ ਨੀਤੀਆਂ ਦੇ ਮੌਜੂਦਾ ਫ੍ਰੇਮਵਰਕ ਨੂੰ ਅੱਗੇ ਵਧਾਉਂਦੀ ਹੈ, ਜਿਹਨਾਂ ਵਿੱਚ ਸ਼ਾਮਲ ਹਨ, ਬ੍ਰੈਂਪਟਨ 2040 ਪਲਾਨ (Brampton 2040 Plan), ਬ੍ਰੈਂਪਟਨ ਗ੍ਰੋ ਗ੍ਰੀਨ ਐਨਵਾਇਰਨਮੈਂਟਲ ਮਾਸਟਰ ਪਲਾਨ (Brampton Grow Green

Environmental Master Plan), ਪਾਰਕਸ ਐਂਡ ਰੇਕ੍ਰੀਏਸ਼ਨ ਮਾਸਟਰ ਪਲਾਨ (Parks and Recreation Master Plan), ਨੈਚੁਰਲ ਹੈਰੀਟੇਜ ਐਨਵਾਇਰਨਮੈਂਟਲ ਮੈਨੇਜਮੈਂਟ ਸਟ੍ਰੈਟਜੀ (Natural Heritage Environmental Management Strategy), ਅਰਬਨ ਫੋਰੈਸਟ ਮੈਨੇਜਮੈਂਟ ਪਲਾਨ (Urban Forest Management Plan) ਅਤੇ ਬ੍ਰੈਂਪਟਨ ਮਿਲੀਅਨ ਟ੍ਰੀਜ ਪ੍ਰੋਗਰਾਮ (Brampton Million Trees Program)।

**ਹਵਾਲੇ**

"ਕਾਉਂਸਿਲ ਹਰੇ-ਭਰੇ ਸ਼ਹਿਰ ਦਾ ਨਿਰਮਾਣ ਜਾਰੀ ਰੱਖਣ ਲਈ ਵਚਨਬੱਧ ਹੈ। ਬ੍ਰੈਂਪਟਨ ਈਕੋ ਪਾਰਕ ਸਟ੍ਰੈਟਜੀ ਸਾਡੇ ਇਸ ਸਥਿਰ ਸਫ਼ਰ ਵਿੱਚ ਦੂਜੀ ਮਹੱਤਵਪੂਰਣ ਉਪਲਬਧੀ ਨੂੰ ਉਜਾਗਰ ਕਰਦੀ ਹੈ। ਮੈਨੂੰ ਕਈ ਸਮਾਜਿਕ ਅਤੇ ਵਾਤਾਵਰਣ ਸਬੰਧੀ ਫਾਇਦਿਆਂ ਦੀ ਆਸ ਹੈ, ਜੋ ਵਿਸਤ੍ਰਿਤ, ਆਪਸ ਵਿੱਚ ਜੁੜਿਆ ਬ੍ਰੈਂਪਟਨ ਈਕੋ ਪਾਰਕ, ਸਾਡੇ ਸ਼ਹਿਰ ਨੂੰ ਮੁਹੱਈਆ ਕਰੇਗਾ।"

- *ਮੇਅਰ ਪੈਟਰਿਕ ਬ੍ਰਾਊਨ (Patrick Brown), ਸਿਟੀ ਆਫ ਬ੍ਰੈਂਪਟਨ*

"ਪਿਛਲੇ ਸਾਲ, ਬ੍ਰੈਂਪਟਨ, 35 ਹੋਰ ਭਾਈਚਾਰਿਆਂ ਨਾਲ ਜਲਵਾਯੂ ਸਬੰਧੀ ਐਮਰਜੈਂਸੀ ਘੋਸ਼ਿਤ ਕਰਨ ਵਿੱਚ ਸ਼ਾਮਲ ਹੋਇਆ ਸੀ। ਸਾਡਾ ਟੀਚਾ ਹੈ ਕਿ ਬ੍ਰੈਂਪਟਨ ਵਿੱਚ 2050 ਤੱਕ ਗ੍ਰੀਨਹਾਊਸ ਗੈਸ ਨਿਕਾਸੀਆਂ ਨੂੰ 80% ਤੱਕ ਘਟਾਇਆ ਜਾਵੇ। ਬ੍ਰੈਂਪਟਨ ਈਕੋ ਪਾਰਕ ਸਟ੍ਰੈਟਜੀ ਦਾ ਸਮਰਥਨ ਕਰਨਾ, ਉਸ ਟੀਚੇ ਵੱਲ ਦੂਜਾ ਕਦਮ ਹੈ। ਇਹ ਬ੍ਰੈਂਪਟਨ ਦੀਆਂ ਹਰਿਆਲੀ ਵਾਲੀਆਂ ਥਾਵਾਂ ਨੂੰ ਸੁਰੱਖਿਅਤ ਰੱਖਣ, ਸਹਿਯੋਗ ਅਤੇ ਵਿਕਸਿਤ ਕਰਨ ਲਈ ਭਾਈਚਾਰਕ ਭਾਈਵਾਲੀਆਂ ਅਤੇ ਪ੍ਰਬੰਧਨ ਦੇ ਨਿਰਮਾਣ ਲਈ ਸ਼ਾਨਦਾਰ ਪਹਿਲਕਦਮੀ ਹੈ।"

- *ਪਾੱਲ ਵਿਸੇਂਟ (Paul Vicente), ਰੀਜਨਲ ਕਾਉਂਸਲਰ ਅਤੇ ਚੇਅਰ, ਪਬਲਿਕ ਵਰਕਸ ਐਂਡ ਇੰਜੀਨੀਅਰਿੰਗ, ਸਿਟੀ ਆਫ ਬ੍ਰੈਂਪਟਨ*

"ਮਨਜ਼ੂਰ ਕੀਤੀ ਈਕੋ ਪਾਰਕ ਸਟ੍ਰੈਟਜੀ ਦੇ ਨਾਲ, ਸਿਟੀ ਦਾ ਸਟਾਫ਼ ਹਰਾ-ਭਰਾ ਸ਼ਹਿਰ, ਪਾਰਕਾਂ ਦਾ ਆਪਸ ਵਿੱਚ ਜੁੜਿਆ ਨੈੱਟਵਰਕ ਬਣਾਉਣ ਲਈ ਬ੍ਰੈਂਪਟਨ ਦੀਆਂ ਸ਼ਹਿਰੀ ਅਤੇ ਕੁਦਰਤੀ ਥਾਵਾਂ ਦਾ ਵਿਸਤਾਰ ਕਰਨ ਦੀ ਕਾਉਂਸਿਲ ਦੀ ਤਰਜੀਹ ਨੂੰ ਅੱਗੇ ਵਧਾਉਣਾ ਜਾਰੀ ਰੱਖ ਸਕੇਗਾ। ਇਹ ਨੈੱਟਵਰਕ ਸਾਡੇ ਸ਼ਹਿਰ ਦੇ ਭੂਦ੍ਰਿਸ਼ਾਂ ਨੂੰ ਸੁਰੱਖਿਅਤ ਰੱਖੇਗਾ, ਮੁੜ-ਕੁਦਰਤੀ ਬਣਾਵੇਗਾ ਅਤੇ ਇਹਨਾਂ ਵਿੱਚ ਵਾਧਾ ਕਰੇਗਾ।"

- *ਡੇਵਿਡ ਬੈਰਿਕ (David Barrick), ਚੀਫ ਐਡਮਿਨਿਸਟ੍ਰੇਟਿਵ ਅਫਸਰ, ਸਿਟੀ ਆਫ ਬ੍ਰੈਂਪਟਨ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 650,000 ਲੋਕਾਂ ਅਤੇ 70,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

BRAMPTON Flower City
brampton.ca

# media release

**ਮੀਡੀਆ ਸੰਪਰਕ**

ਮੋਨਿਕਾ ਦੁੱਗਲ (Monika Duggal)

ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ

ਸਟ੍ਰੈਟਜਿਕ ਕਮਿਉਨਿਕੇਸ਼ਨ

ਸਿਟੀ ਆਫ ਬ੍ਰੈਂਪਟਨ

905-874-3426 | Monika.Duggal@brampton.ca